# ਪੰਜਾਬ ਸਿੱਖਿਆ ਕ੍ਰਾਂਤੀ

ਸਿੱਖਿਆ ਦਰਪਣ : ਤ੍ਰੈਮਾਸਿਕ ਪੱਤ੍ਰਿਕਾ

ਪੰਜਾਬ ਦੇ ਸਕੂਲਾਂ ਦੀਆਂ ਪ੍ਰਾਪਤੀਆਂ ਦਾ ਸਫ਼ਰ

5 ਸਤੰਬਰ 2024 | ਬੁੱਧਵਾਰ

ਖੰਡ: 1 ਅੰਕ: 1

Department of School Education Punjab @schooledu_pb @department_of_school_edu_pb



## ਪੰਜਾਬ ਦੇ ਬੱਚਿਆਂ ਲਈ ਸਾਡਾ ਸੁਪਨਾ

ਪੰਜਾਬ ਦੇ ਸਕੂਲਾਂ ਵਾਸਤੇ ਆਪਣੇ ਸਿੱਖਿਆ ਕ੍ਰਾਂਤੀ ਦੇ ਦ੍ਰਿਸ਼ਟੀਕੋਣ ਦਾ ਸਫ਼ਰ ਸਾਂਝਾ ਕਰਨ ਵਿੱਚ ਸਾਨੂੰ ਅਥਾਹ ਖ਼ੁਸ਼ੀ ਹੋ ਰਹੀ ਹੈ। ਸਾਡਾ ਉਦੇਸ਼ ਸਿੱਖਿਆ ਦੇ ਸੰਪੂਰਨ ਵਿਕਾਸ ਲਈ ਸਿੱਖਿਆ ਦੀ ਮੁੜ ਸਿਰਜਣਾ ਕਰਨਾ, ਅਤਿ-ਆਧੁਨਿਕ ਬੁਨਿਆਦੀ ਢਾਂਚਾ ਪ੍ਰਦਾਨ ਕਰਨਾ ਅਤੇ ਨਵੀਨਤਮ ਅਧਿਆਪਨ ਤੌਰ-ਤਰੀਕਿਆਂ ਰਾਹੀਂ ਬੱਚਿਆਂ ਨੂੰ ਸਿੱਖਿਅਤ ਕਰਨਾ ਹੈ ਕਿਉਂਕਿ ਸਾਡੇ ਬੱਚੇ ਸਰਵੋਤਮ ਅਤੇ ਸਮੇਂ ਦੇ ਹਾਣ ਦੀ ਸਿੱਖਿਆ ਲੈਣ ਦੇ ਹੱਕਦਾਰ ਹਨ। ਸਾਡੇ ਵਿਦਿਆਰਥੀਆਂ, ਮਾਪਿਆਂ, ਅਧਿਆਪਕਾਂ, ਭਾਈਚਾਰਿਆਂ ਅਤੇ ਹੋਰ ਹਿੱਸੇਦਾਰਾਂ ਨੂੰ, ਸਾਡੇ ਵੱਲੋਂ ਜਾਰੀ ਕੀਤੇ ਜਾਣ ਵਾਲੇ ਇਸ ਪੱਤ੍ਰਿਕਾ ਨਾਲ ਪੰਜਾਬ ਵਿੱਚ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਨਵੇਂ ਯਤਨਾਂ ਬਾਰੇ ਜਾਣਕਾਰੀ ਮਿਲੇਗੀ। ਆਓ, ਪੰਜਾਬ ਦੇ ਸਕੂਲਾਂ ਵਿੱਚ ਆਪਣੇ ਬੱਚਿਆਂ ਦਾ ਸੁਨਿਹਰਾ ਭਵਿੱਖ ਬਣਾਈਏ।

**-ਮਾਨਯੋਗ ਭਗਵੰਤ ਮਾਨ, ਮੁੱਖ ਮੰਤਰੀ, ਪੰਜਾਬ**

## ਪੰਜਾਬ ਦੇ 13 ਸਕੂਲ ਆਫ ਐਮੀਨੈਂਸ ਦਾ ਉਦਘਾਟਨ

ਪੰਜਾਬ ਦੀ ਸਿੱਖਿਆ ਕ੍ਰਾਂਤੀ ਵਿੱਚ ਇਤਿਹਾਸਿਕ ਕਦਮ ਚੁੱਕਦਿਆਂ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਨੇ ਦਿੱਲੀ ਦੇ ਮੁੱਖ ਮੰਤਰੀ ਸ਼੍ਰੀ ਅਰਵਿੰਦ ਕੇਜਰੀਵਾਲ ਨਾਲ ਮਿਲ ਕੇ 13 ਸਕੂਲ ਆਫ ਐਮੀਨੈਂਸ ਦਾ ਉਦਘਾਟਨ ਕੀਤਾ-ਇਹ ਸਰਕਾਰੀ ਅਤੇ ਪ੍ਰਾਈਵੇਟ ਸਿੱਖਿਆ ਦੇ ਵਿਚਕਾਰ ਫਰਕ ਨੂੰ ਖ਼ਤਮ ਕਰਨ ਵੱਲ ਇੱਕ ਵੱਡੀ ਪਹਿਲਕਦਮੀ ਹੈ। ਸਾਰਾਗੜੀ ਮੈਮੋਰੀਅਲ ਸਕੂਲ ਆਫ ਐਮੀਨੈਂਸ ਟਾਊਨ ਹਾਲ, ਸਕੂਲ ਆਫ ਐਮੀਨੈਂਸ ਲੜਕੀਆਂ ਜੰਡਿਆਲਾ ਗੁਰੂ, ਸਕੂਲ ਆਫ ਐਮੀਨੈਂਸ ਲੜਕੀਆਂ ਮਾਲ ਰੋਡ ਸ੍ਰੀ ਅੰਮ੍ਰਿਤਸਰ ਸਾਹਿਬ, ਬਠਿੰਡੇ ਵਿੱਚ ਸਕੂਲ ਆਫ ਐਮੀਨੈਂਸ ਰਾਮਨਗਰ, ਸਕੂਲ ਆਫ ਐਮੀਨੈਂਸ ਪਰਸਰਾਮ ਨਗਰ, ਸ੍ਰੀ ਫਤਿਹਗੜ੍ਹ ਸਾਹਿਬ ਵਿੱਚ ਸਕੂਲ ਆਫ ਐਮੀਨੈਂਸ ਅਮਲੋਹ, ਫ਼ਾਜ਼ਿਲਕਾ ਵਿੱਚ ਸਕੂਲ ਆਫ ਐਮੀਨੈਂਸ ਅਰਨੀਵਾਲਾ ਸ਼ੇਖ ਸੁਭਾਨ, ਸਕੂਲ ਆਫ ਐਮੀਨੈਂਸ ਜਲਾਲਾਬਾਦ, ਜਲੰਧਰ ਵਿੱਚ ਸਕੂਲ ਆਫ ਐਮੀਨੈਂਸ ਆਦਮਪੁਰ, ਕਪੂਰਥਲਾ ਵਿੱਚ ਸਕੂਲ ਆਫ ਐਮੀਨੈਂਸ ਫਗਵਾੜਾ, ਲੁਧਿਆਣਾ ਵਿੱਚ ਸਕੂਲ ਆਫ ਐਮੀਨੈਂਸ ਸੈਕਟਰ 32, ਐੱਸਏਐੱਸ ਨਗਰ ਵਿੱਚ ਸਕੂਲ ਆਫ ਐਮੀਨੈਂਸ ਫੇਜ਼ 11 ਅਤੇ ਤਰਨਤਾਰਨ ਵਿੱਚ ਸਕੂਲ ਆਫ ਐਮੀਨੈਂਸ ਖਡੂਰ ਸਾਹਿਬ 3 ਮਾਰਚ, 2024 ਨੂੰ 13 ਨਵੇਂ ਸਕੂਲਾਂ ਦਾ ਉਦਘਾਟਨ ਕੀਤਾ ਗਿਆ। ਇਨ੍ਹਾਂ ਵਿੱਚੋਂ ਲੁਧਿਆਣਾ ਦੇ ਸੈਕਟਰ 32 ਵਿਖੇ ਸਕੂਲ ਆਫ ਐਮੀਨੈਂਸ ਨੇ ਸਭ ਤੋਂ ਪਹਿਲੇ ਸਰਕਾਰੀ ਸਕੂਲ ਦੇ ਤੌਰ ਤੇ ਆਪਣੀ ਸ਼ਾਨਦਾਰ ਪਛਾਣ ਬਣਾਈ ਹੈ। ਜਿੱਥੇ ਇੱਕ ਸਵਿਮਿੰਗ ਪੂਲ, ਬਾਸਕਟਬਾਲ ਕੋਰਟ ਅਤੇ ਟੈਨਿਸ ਕੋਰਟ ਦੀਆਂ ਸਹੂਲਤਾਂ ਦਿੱਤੀਆਂ ਗਈਆਂ ਹਨ। ਜੋ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਪੂਰੀ ਤਰ੍ਹਾਂ ਬਦਲਣ ਲਈ ਇਕ ਖ਼ਾਸ ਢੰਗ ਨਾਲ ਅੱਗੇ ਵਧ ਰਿਹਾ ਹੈ।



**ਪੰਜਾਬ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਸ਼੍ਰੀ ਅਰਵਿੰਦ ਕੇਜਰੀਵਾਲ ਲੁਧਿਆਣਾ ਵਿਖੇ ਸਕੂਲ ਆਫ ਐਮੀਨੈਂਸ ਦਾ ਉਦਘਾਟਨ ਕਰਦੇ ਹੋਏ।**

ਪੰਜਾਬ ਦੇ ਸਕੂਲ ਆਫ ਐਮੀਨੈਂਸ ਵਿੱਚ ਸਕੂਲ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਆਧੁਨਿਕ ਸਿੱਖਿਆ ਦੇ ਨਿਵੇਕਲੇ ਰੂਪ ਵਿੱਚ ਤਬਦੀਲ ਕੀਤਾ ਗਿਆ ਹੈ। ਇਹ ਬਦਲਾਅ ਨਾ ਸਿਰਫ ਪੰਜਾਬ ਵਿੱਚ ਸਰਕਾਰੀ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕੇਗਾ ਸਗੋਂ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਲਈ ਵਿਦਿਆਰਥੀਆਂ ਦਾ ਭਰੋਸਾ ਹੋਰ ਮਜਬੂਤ ਕਰਨ ਵਿੱਚ ਵੀ ਸਹਾਈ ਸਿੱਧ ਹੋਵੇਗਾ।

## ਆਧੁਨਿਕ ਬੁਨਿਆਦੀ ਸਹੂਲਤਾਂ





**ਸਕੂਲ ਭਵਨ, ਐਸ.ਓ.ਈ. ਸੈਕਟਰ 32, ਲੁਧਿਆਣਾ**



**ਸਵਿਮਿੰਗ ਪੂਲ, ਐਸ.ਓ.ਈ. ਸੈਕਟਰ 32 ਲੁਧਿਆਣਾ**



**ਨਵ-ਨਿਰਮਿਤ ਕੰਪਿਊਟਰ ਲੈਬ, ਐਸ.ਓ.ਈ. ਸੈਕਟਰ 32 ਲੁਧਿਆਣਾ**

ਅਸੀਂ ਪੰਜਾਬ ਦੇ ਸਕੂਲਾਂ ਦੀ ਕਾਇਆ ਕਲਪ ਕਰਨ ਦੇ ਆਪਣੇ ਨਜ਼ਰੀਏ ਨੂੰ ਸਾਂਝਾ ਕਰਦੇ ਹੋਏ ਉਤਸ਼ਾਹ ਨਾਲ ਭਰੇ ਹੋਏ ਹਾਂ, ਸਾਡਾ ਟੀਚਾ ਹਰ ਬੱਚੇ ਨੂੰ ਆਪਣੀ ਸਮਰੱਥਾ ਪਛਾਣਨ ਅਤੇ ਸਾਡੇ ਮਾਣਯੋਗ ਮੁੱਖ ਮੰਤਰੀ ਦੇ ਰੰਗਲਾ ਪੰਜਾਬ ਦੇ ਸੰਕਲਪ ਨੂੰ ਪੂਰਾ ਕਰਨਾ ਹੈ। ਗੁਣਵੱਤਾ ਪੂਰਨ ਸਿੱਖਿਆ ਸਾਡੀ ਸਿਖਰਲੀ ਤਰਜੀਹ ਰਹੇਗੀ, ਜੋ ਸਿਰਫ ਸਕੂਲ ਮੁਖੀਆਂ, ਅਧਿਆਪਕਾਂ, ਮਾਪਿਆਂ, ਸਮੁਦਾਇਕ ਮੈਂਬਰਾਂ ਅਤੇ ਹੋਰ ਹਿੱਸੇਦਾਰਾਂ ਦੇ ਸਹਿਯੋਗ ਨਾਲ ਹੀ ਹਾਸਲ ਕੀਤੀ ਜਾ ਸਕਦੀ ਹੈ। ਇਹ ਪੱਤ੍ਰਿਕਾ ਤੁਹਾਨੂੰ ਪੰਜਾਬ ਦੀਆਂ ਸਿੱਖਿਆ ਸੰਬੰਧੀ ਪਹਿਲਕਦਮੀਆਂ ਨਾਲ ਅਪਡੇਟ ਰੱਖੇਗੀ। ਆਓ ਮਿਲਕੇ ਪੰਜਾਬ ਦੇ ਸਕੂਲਾਂ ਵਿੱਚ ਆਪਣੇ ਬੱਚਿਆਂ ਦੇ ਭਵਿੱਖ ਨੂੰ ਰੌਸ਼ਨ ਬਣਾਈਏ।

**ਮਾਨਯੋਗ ਹਰਜੋਤ ਸਿੰਘ ਬੈਂਸ, ਸਿੱਖਿਆ ਮੰਤਰੀ, ਪੰਜਾਬ**



ਸੂਚਨਾ : ਇਸ ਪੱਤ੍ਰਿਕਾ ਵਿੱਚ ਵੇਰਵੇ ਅਤੇ ਫੋਟੋਆਂ, ਜਾਣਕਾਰੀ ਦੇ ਉਦੇਸ਼ਾਂ ਲਈ ਹਨ। ਅਸੀਂ ਵਰਤੋਂ ਤੋਂ ਪਹਿਲਾਂ ਇਸਦੀ ਪੁਸ਼ਟੀ ਕਰਨ ਦੀ ਹਿਦਾਇਤ ਕਰਦੇ ਹਾਂ।

ਅਕਾਦਮਿਕ ਉੱਤਮਤਾ

# PACE ਰਿਹਾਇਸ਼ੀ ਸਮਰ ਕੈਂਪ: ਸੁਨਹਿਰੇ ਭਵਿੱਖ ਵੱਲ ਕਦਮ

ਪੰਜਾਬ ਅਕਾਦਮਿਕ ਕੋਚਿੰਗ ਫਾਰ ਐਕਸੀਲੈਂਸ (PACE) ਰਿਹਾਇਸ਼ੀ ਕੋਚਿੰਗ ਕੈਂਪ ਸਕੂਲ ਸਿੱਖਿਆ ਵਿਭਾਗ (DoSE), ਪੰਜਾਬ ਦੁਆਰਾ ਇੱਕ ਪਰਿਵਰਤਨਸ਼ੀਲ ਪਹਿਲਕਦਮੀ ਹੈ, ਜਿਸ ਨੇ ਸਕੂਲ ਆਫ਼ ਐਮੀਨੈਂਸ ਅਤੇ ਮੈਰੀਟੋਰੀਅਸ ਸਕੂਲਾਂ ਦੇ 700 ਤੋਂ ਵੱਧ ਹੋਣਹਾਰ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਲਈ ਕੋਚਿੰਗ ਦਾ ਮੌਕਾ ਪ੍ਰਦਾਨ ਕੀਤਾ। ਲੁਧਿਆਣਾ ਦੇ ਮੈਰੀਟੋਰੀਅਸ ਸਕੂਲ ਵਿੱਚ 6 ਜੂਨ ਤੋਂ 28 ਜੂਨ, 2024 ਤੱਕ ਆਯੋਜਿਤ ਕੀਤੇ ਗਏ ਕੈਂਪ ਵਿੱਚ ਫਿਜ਼ਿਕਸ ਵਾਲਾ ਅਤੇ DIAS ਅਕੈਡਮੀ ਵਰਗੀਆਂ ਵੱਕਾਰੀ ਕੋਚਿੰਗ ਸੰਸਥਾਵਾਂ ਦੇ ਸਹਿਯੋਗ ਨਾਲ NEET, JEE ਅਤੇ CLAT ਪ੍ਰੀਖਿਆਵਾਂ ਲਈ ਮੁਫਤ ਆਨਸਾਈਟ ਕੋਚਿੰਗ ਪ੍ਰਦਾਨ ਕੀਤੀ ਗਈ।

PACE ਪ੍ਰੋਗਰਾਮ ਨੂੰ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਪ੍ਰਤਿਯੋਗੀ ਪ੍ਰੀਖਿਆਵਾਂ ਵਿੱਚ ਸਫਲਤਾ ਦਰ ਨੂੰ ਵਧਾਉਣ ਦੇ ਮਿਸ਼ਨ ਨਾਲ ਸ਼ੁਰੂ ਕੀਤਾ ਗਿਆ ਸੀ, ਤਾਂ ਜੋ ਉਹ ਭਾਰਤ ਅਤੇ ਵਿਦੇਸ਼ਾਂ ਵਿੱਚ ਪ੍ਰਸਿੱਧ ਪੇਸ਼ੇਵਰ ਸੰਸਥਾਵਾਂ ਵਿੱਚ ਦਾਖਲਾ ਲੈ ਸਕਣ। ਇਸ ਪ੍ਰੋਗਰਾਮ ਨੇ ਵਿਦਿਆਰਥੀਆਂ ਲਈ ਇਕ ਵਿਸ਼ੇਸ਼ਤਾਪੂਰਨ ਪਾਠਕ੍ਰਮ, ਸਮਰਪਿਤ ਡਾਊਟ ਕਲੀਅਰਿੰਗ ਸੈਸ਼ਨ, ਅਤੇ ਸੁਰੱਖਿਅਤ ਰਿਹਾਇਸ਼ੀ ਸਹੂਲਤਾਂ ਮੁਹੱਈਆ ਕਰਵਾਉਂਦਿਆਂ, ਪੰਜਾਬ ਦੇ ਸਿੱਖਿਆ ਦੇ ਨਤੀਜਿਆਂ ਦਾ ਮਿਆਰ ਉੱਚਾ ਚੁੱਕਣ ਅਤੇ ਵਿਦਿਆਰਥੀਆਂ ਨੂੰ ਸਰਵੋਤਮ ਸਮਰੱਥਾ ਹਾਸਲ ਕਰਨ ਵਿੱਚ ਮਦਦ ਕਰਨ ਦੀ ਵਚਨਬੱਧਤਾ ਨੂੰ ਪੂਰਾ ਕੀਤਾ। ਕੋਚਿੰਗ ਭਾਈਵਾਲਾਂ ਦੇ ਮਾਹਿਰ ਅਧਿਆਪਕਾਂ ਦੇ ਮਾਰਗਦਰਸ਼ਨ ਹੇਠ, ਵਿਦਿਆਰਥੀਆਂ ਨੇ ਪ੍ਰਵੇਸ਼ ਪ੍ਰੀਖਿਆਵਾਂ ਦੀ ਤਿਆਰੀ ਲਈ ਸਖਤ ਮਿਹਨਤ ਕੀਤੀ। ਪ੍ਰੀਖਿਆਵਾਂ ਨਾਲ ਜੁੜੇ ਤਣਾਅ ਨੂੰ ਸਮਝਦੇ ਹੋਏ, ਕੈਂਪ ਵਿੱਚ ਸਵੇਰੇ ਯੋਗਾ, ਸਰੀਰਕ ਟ੍ਰੇਨਿੰਗ ਕਲਾਸਾਂ ਅਤੇ ਸ਼ਾਮ ਦੀਆਂ ਖੇਡਾਂ ਵੀ ਸ਼ਾਮਿਲ ਕੀਤੀਆਂ ਗਈਆਂ, ਤਾਂ ਜੋ ਵਿਦਿਆਰਥੀ ਤਣਾਅ ਦਾ ਸਾਹਮਣਾ ਪ੍ਰਭਾਵੀ ਢੰਗ ਨਾਲ ਕਰ ਸਕਣ।



CLAT ਪ੍ਰੀਖਿਆ ਲਈ ਮਾਹਰ ਫੈਕਲਟੀ ਦੁਆਰਾ ਮੁਫਤ ਕੋਚਿੰਗ ਕਲਾਸਾਂ



JEE ਅਤੇ NEET ਲਈ ਮਾਹਰ ਫੈਕਲਟੀ ਦੁਆਰਾ ਮੁਫਤ ਕੋਚਿੰਗ ਕਲਾਸਾਂ

ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਏ ਗਏ ਇਸ ਸਰਵੇਖਣ ਅਨੁਸਾਰ ਇਸ ਪ੍ਰੋਗਰਾਮ ਦਾ ਡੂੰਘਾ ਅਸਰ ਪਿਆ ਅਤੇ 71% ਵਿਦਿਆਰਥੀ ਇਕ ਨਵੇਂ ਆਤਮ ਵਿਸ਼ਵਾਸ ਨਾਲ ਪ੍ਰੀਖਿਆਵਾਂ ਦਾ ਸਾਹਮਣਾ ਕਰਨ ਲਈ ਪ੍ਰੇਰਿਤ ਹੋਏ। ਵਿਦਿਆਰਥੀਆਂ ਦੀ ਪ੍ਰਗਤੀ ਦਾ ਮੁਲਾਂਕਣ ਕਰਨ ਲਈ ਉਹਨਾਂ ਦੇ ਸ਼ੁਰੂਆਤੀ ਅਤੇ ਆਖਿਰੀ ਕਲਾਸ ਇਮਤਿਹਾਨਾਂ ਦੇ ਨਤੀਜਿਆਂ ਨੂੰ ਅਧਾਰ ਬਣਾ ਕੇ ਪਰਖਿਆ ਗਿਆ, ਜੋ ਉਹਨਾਂ ਵਿੱਚ ਹੋਏ ਸ਼ਾਨਦਾਰ ਵਿਕਾਸ ਨੂੰ ਦਰਸਾਉਂਦੇ ਸਨ। ਕੋਚਿੰਗ ਕਲਾਸਾਂ ਤੋਂ ਇਲਾਵਾ ਉਸਾਰੂ ਨਜ਼ਰੀਆ ਵਿਕਸਿਤ ਕਰਨਾ, ਟੀਚਾ ਮਿਥਣਾ, ਅਤੇ ਸਮਾਂ ਪ੍ਰਬੰਧਨ 'ਤੇ ਵਰਕਸ਼ਾਪਾਂ ਦਾ ਆਯੋਜਨ ਕੀਤਾ ਗਿਆ।

ਕਲਾਸ ਰੂਮ ਵਿੱਚ ਪੜ੍ਹਾਈ ਨੂੰ ਵਾਚਣ ਲਈ, ਸਮਰ ਕੈਂਪ ਵਿੱਚ ਸ਼ਾਮਲ ਹੋਣ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਪੜ੍ਹਾਈ ਦੀ ਗੁਣਵੱਤਾ ਅਤੇ ਵਿਦਿਆਰਥੀਆਂ ਦੀ ਭਾਗੀਦਾਰੀ 'ਤੇ ਧਿਆਨ ਕੇਂਦਰਤ ਕਰਦੇ ਹੋਏ ਕਲਾਸਾਂ ਦਾ ਨਿਰੀਖਣ ਕਰਨ ਲਈ ਸੱਦਾ ਦਿੱਤਾ ਗਿਆ। ਸਕੂਲ ਦੇ ਦੌਰੇ ਦੌਰਾਨ, ਸਕੂਲ ਮੈਨੇਜਮੈਂਟ ਕਮੇਟੀ (SMC) ਮੈਂਬਰਾਂ ਨੇ ਡਾਇਨਿੰਗ ਖੇਤਰਾਂ ਦੀ ਸਫਾਈ ਅਤੇ ਪ੍ਰਬੰਧਨ, ਹੋਸਟਲ ਦੀ ਸਥਿਤੀ ਅਤੇ ਸੁਰੱਖਿਆ ਪ੍ਰੋਟੋਕੋਲ ਦਾ ਜਾਇਜ਼ਾ ਲਿਆ। ਉਹਨਾਂ ਨੇ ਵਾਰਡਨਾਂ ਨਾਲ ਹੋਸਟਲ ਦੀਆਂ ਸਮੁੱਚੀਆਂ ਸਹੂਲਤਾਂ, ਵਿਦਿਆਰਥੀਆਂ ਦੀ ਰੁਟੀਨ ਬਾਰੇ ਗੱਲ ਕਰਦੇ ਹੋਏ ਸਫ਼ਾਈ ਅਤੇ ਰੱਖ-ਰਖਾਅ ਦੀ ਪੜਤਾਲ ਕੀਤੀ। ਮਾਪਿਆਂ ਨੇ ਡਿਊਟੀ 'ਤੇ ਮੌਜੂਦ ਨਰਸ ਨਾਲ ਗੱਲ ਕਰਨ ਲਈ ਮੈਡੀਕਲ ਰੂਮ ਦਾ ਦੌਰਾ ਵੀ ਕੀਤਾ ਅਤੇ ਇਸ ਦੌਰਾਨ ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਦਾ ਹਾਲ-ਚਾਲ ਪੁੱਛਿਆ ਅਤੇ ਭਾਂਤੀ ਕੈਰੀਅਰ ਬਾਰੇ ਉਨ੍ਹਾਂ ਦੀ ਸੋਚ ਬਾਰੇ ਗੱਲਬਾਤ ਕੀਤੀ। ਐਸ.ਐਮ.ਸੀ (SMC) ਮੈਂਬਰਾਂ ਨੇ ਅਧਿਆਪਕਾਂ ਨੂੰ ਆਪਣੇ ਸੁਝਾਅ ਦਿੱਤੇ ਅਤੇ ਸਵੈ-ਇੱਛਾ ਨਾਲ ਕੈਂਪ ਵਿੱਚ ਮਦੱਦ ਕਰਨ ਦੇ ਨਾਲ-ਨਾਲ ਉਹਨਾਂ ਦੇ ਕੰਮ ਨਾਲ ਇਕਮਤਤਾ ਜ਼ਾਹਿਰ ਕੀਤੀ।

> ਸਕੂਲ ਦੌਰੇ ਦੌਰਾਨ ਇੱਕ ਮਾਤਾ-ਪਿਤਾ ਨੇ ਮਾਣ ਨਾਲ ਦੱਸਿਆ, "ਮੇਰੇ ਗੁਆਂਢੀ ਮੈਨੂੰ ਕਹਿੰਦੇ ਸਨ ਕਿ ਤੁਸੀਂ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲ ਵਿੱਚ ਭੇਜ ਕੇ ਗ਼ਲਤੀ ਕਰ ਰਹੇ ਹੋ, ਅਤੇ ਮੈਨੂੰ ਮੇਰੇ ਫੈਸਲੇ 'ਤੇ ਸ਼ੱਕ ਵੀ ਸੀ, ਪਰ ਅੱਜ ਮੈਨੂੰ ਭਰੋਸਾ ਹੋ ਗਿਆ ਕਿ ਮੈਂ ਸਹੀ ਫੈਸਲਾ ਕੀਤਾ ਹੈ"।



PACE ਕੈਂਪ ਦੌਰਾਨ ਕੋਚਿੰਗ ਪਾਰਟਨਰ ਕਲਾਸਾਂ ਲੈਂਦੇ ਹੋਏ



ਮਾਪਿਆਂ ਨੇ ਆਪਣੇ ਬੱਚਿਆਂ ਨੂੰ ਮਿਲਣ ਲਈ ਸਮਰ ਕੈਂਪ ਦਾ ਦੌਰਾ ਕੀਤਾ

ਵਿਦਿਆਰਥੀ ਦਾ ਕੋਨਾ

# ਵਿਦਿਆਰਥੀਆਂ ਲਈ ਸੁਝਾਅ: ਆਪਣੇ ਸਿੱਖਣ ਦੇ ਸਫ਼ਰ ਨੂੰ ਹੋਰ ਉਮਦਾ ਕਰਨਾ

ਘਰ ਵਿੱਚ ਇੱਕ ਸਕਰਾਤਮਕ ਅਤੇ ਰਚਨਾਤਮਕ ਮਾਹੌਲ ਬਣਾਉਣਾ ਤੁਹਾਡੇ ਵਿਕਾਸ ਅਤੇ ਸਫਲਤਾ ਲਈ ਬਹੁਤ ਮਹੱਤਵਪੂਰਨ ਹੈ। ਇੱਕ ਵਿਦਿਆਰਥੀ ਵਜੋਂ ਤੁਸੀਂ ਹੇਠਾਂ ਦਿੱਤੀਆਂ ਗਤੀਵਿਧੀਆਂ ਨਾਲ ਆਪਣੇ ਮਾਪਿਆਂ ਨੂੰ ਸਿੱਖਣ-ਸਿਖਾਉਣ ਦੇ ਤਜਰਬੇ ਵਿੱਚ ਸ਼ਾਮਿਲ ਕਰਕੇ ਇਸ ਨੂੰ ਹੋਰ ਮਜ਼ਬੂਤ ਬਣਾ ਸਕਦੇ ਹੋ:

### ਅੱਜ ਦੀ ਗੱਲ

- ਜੋ ਕੁਝ ਵੀ ਤੁਸੀਂ ਅੱਜ ਸਿੱਖਿਆ ਹੈ ਉਸ ਨੂੰ ਆਪਣੇ ਮਾਪਿਆਂ ਨਾਲ ਸਾਂਝਾ ਕਰੋ।
- ਆਪਣੇ ਮਾਪਿਆਂ ਨਾਲ ਬੈਠੋ ਅਤੇ ਖੇਡਣ, ਪੜ੍ਹਨ ਅਤੇ ਹੋਰ ਗਤੀਵਿਧੀਆਂ ਲਈ ਸਮਾਂ ਨਿਰਧਾਰਤ ਕਰੋ।
- ਆਪਣੇ ਮਾਪਿਆਂ ਦੇ ਮਾਰਗਦਰਸ਼ਨ ਨਾਲ ਪੜ੍ਹਾਈ ਦਾ ਸਮਾਂ ਨਿਰਧਾਰਤ ਕਰੋ।
- ਆਪਣੇ ਮਾਪਿਆਂ ਨਾਲ ਆਪਣੇ ਮਨਪਸੰਦ ਵਿਸ਼ਿਆਂ 'ਤੇ ਚਰਚਾ ਕਰੋ

### ਭਵਿੱਖ ਦੀ ਗੱਲ

- ਸਾਲ ਲਈ ਆਪਣੇ ਟੀਚਿਆਂ ਬਾਰੇ ਆਪਣੇ ਮਾਪਿਆਂ ਨਾਲ ਗੱਲ ਕਰੋ, ਜਿਵੇਂ, ਇਸ ਸਾਲ ਮੈਂ ਕੰਪਿਊਟਰ ਦੀ ਵਰਤੋਂ ਕਰਨਾ ਸਿੱਖਣਾ ਚਾਹੁੰਦਾ ਹਾਂ
- ਸਕੂਲ ਤੋਂ ਵਾਪਸ ਆਉਣ ਤੋਂ ਬਾਅਦ, ਆਪਣੇ ਮਾਪਿਆਂ ਨੂੰ ਆਪਣੇ ਦਿਨ ਬਾਰੇ ਦੱਸੋ
- ਪੜ੍ਹਾਈ ਦਾ ਕੰਮ ਖਤਮ ਹੋਣ ਤੋਂ ਬਾਅਦ ਆਪਣੇ ਮਾਪਿਆਂ ਨਾਲ ਕੁਝ ਮਜ਼ੇਦਾਰ ਗਤੀਵਿਧੀਆਂ ਦੀ ਯੋਜਨਾ ਬਣਾਓ।






ਸੂਚਨਾ : ਇਸ ਪੱਤ੍ਰਿਕਾ ਵਿੱਚ ਵੇਰਵੇ ਅਤੇ ਫੋਟੋਆਂ, ਜਾਣਕਾਰੀ ਦੇ ਉਦੇਸ਼ਾਂ ਲਈ ਹਨ। ਅਸੀਂ ਵਰਤੋਂ ਤੋਂ ਪਹਿਲਾਂ ਇਸਦੀ ਪੁਸ਼ਟੀ ਕਰਨ ਦੀ ਹਿਦਾਇਤ ਕਰਦੇ ਹਾਂ।

## ਸ਼ਾਨਦਾਰ ਸਕੂਲ ਬਣਾਉਣ ਵਿੱਚ ਪ੍ਰਾਪਤੀਆਂ

### ਪੰਜਾਬ ਸਿੱਖਿਆ ਕ੍ਰਾਂਤੀ ਅੰਕੜਿਆਂ ਵਿੱਚ

**21,23,566**
ਵਿਦਿਆਰਥੀਆਂ ਨੂੰ ਸਕੂਲ ਦੀ ਵਰਦੀ ਦਿੱਤੀ ਗਈ

**55,613**
ਪੰਜਾਬ ਯੰਗ ਐਂਟਰਪ੍ਰਿਨਿਓਰਸ਼ਿਪ ਤਹਿਤ ਸੀਡ ਮਨੀ ਲਈ ਚੁਣੇ ਗਏ ਵਿਦਿਆਰਥੀ

**15,766**
100 MBPS ਤੱਕ ਇੰਟਰਨੈਟ ਕਨੈਕਟੀਵਿਟੀ ਵਾਲੇ ਸਕੂਲ

**6,278**
ਕੰਪਿਊਟਰ ਲੈਬਾਂ ਵਾਲੇ ਸਕੂਲ

**16,770**
ਸਮਾਰਟ ਕਲਾਸਰੂਮਾਂ ਵਾਲੇ ਸਕੂਲ

**3,949**
ਸਕੂਲਾਂ ਵਿੱਚ ਸੋਲਰ ਪੈਨਲ ਲਗਾਏ ਗਏ

**1,123**
ਕਿਲੋ ਮੀਟਰ ਸਕੂਲਾਂ ਵਿੱਚ ਚਾਰਦੀਵਾਰੀ ਉਸਾਰੀ ਅਧੀਨ ਹੈ

**2,042**
ਕੈਂਪਸ ਪ੍ਰਬੰਧਕਾਂ ਵਾਲੇ ਸਕੂਲ


**8,286**
ਸੈਨੀਟੇਸ਼ਨ ਵਰਕਰਾਂ ਵਾਲੇ ਸਕੂਲ

ਡਾਟਾ ਸਰੋਤ: ਸਕੂਲ ਸਿੱਖਿਆ ਵਿਭਾਗ, ਪੰਜਾਬ

## ਸਮੁਦਾਇਕ ਭਾਗੀਦਾਰੀ

### ਸਕੂਲ ਤੋਂ ਬਾਹਰ ਕੋਈ ਬੱਚਾ ਨਹੀਂ: ਸਥਾਨਕ ਲੋਕਾਂ ਨੇ ਜ਼ਿੰਮੇਵਾਰੀ ਲਈ

ਨੌਵੀਂ ਅਤੇ ਗਿਆਰਵੀਂ ਕਲਾਸ ਲਈ ਸਕੂਲ ਆਫ਼ ਐਮੀਨੈਂਸ ਅਤੇ ਮੈਰਿਟੋਰਿਅਸ ਸਕੂਲਾਂ ਵਿੱਚ ਦਾਖਲਾ ਪ੍ਰਕ੍ਰਿਆ ਖ਼ਤਮ ਹੋਣ ਦੇ ਲਾਗੇ ਅਤੇ ਸਕੂਲ ਮੈਨੇਜਮੈਂਟ ਕਮੇਟੀਆਂ (SMCs) ਵੱਲੋਂ ਸਮੁਦਾਏ ਨਾਲ ਰਲਕੇ ਸਕੂਲ ਆਫ਼ ਐਮੀਨੈਂਸ 'ਚ ਦਾਖਲੇ ਦੇ ਮੁਹਿੰਮ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸਕੂਲ ਸਿੱਖਿਆ ਵਿਭਾਗ ਵੱਲੋਂ ਹਾਲ ਹੀ ਵਿਚ ਕਰਵਾਏ ਗਏ ਸਰਵੇਖਣ ਅਨੁਸਾਰ ਐਸਐੱਮਸੀ (SMC) ਮੈਂਬਰਾਂ ਦੀ ਇਸ ਵਿੱਚ ਭਾਰੀ ਸ਼ਮੂਲੀਅਤ ਪਾਈ ਗਈ। 53% ਐਸ.ਐਮ.ਸੀ ਮੈਂਬਰਾਂ ਨੇ ਸਕੂਲ ਆਫ਼ ਐਮੀਨੈਂਸ ਦਾਖਲਾ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਉਹਨਾਂ ਨੇ ਗੈਰ ਸਕੂਲ ਆਫ ਐਮੀਨੈਂਸ ਵਾਲੇ ਹੋਰਨਾਂ ਮਾਪਿਆਂ ਅਤੇ ਸਮੁਦਾਇਕ ਮੈਂਬਰਾਂ ਨਾਲ ਸੰਪਰਕ ਕਰਕੇ ਜਾਗਰੂਕਤਾ ਮੁਹਿੰਮ ਅਤੇ ਦਾਖ਼ਲੇ ਵਧਾਉਣ ਦੇ ਯਤਨ ਕੀਤੇ। ਕੁਝ ਮੈਂਬਰਾਂ ਨੇ ਮੁਹਿੰਮ ਦੇ ਪੋਸਟਰ ਬਣਾਉਣ, ਕਾਗਜ਼ੀ ਕਾਰਵਾਈ ਕਰਨ, ਕਾਊਂਸਲਿੰਗ ਦੁਆਰਾ ਸਮੁਦਾਇਕ ਐਲਾਨ ਕਰਨ ਅਤੇ ਪਹੁੰਚ ਨੂੰ ਵਧਾਉਣ ਵਿੱਚ ਯੋਗਦਾਨ ਪਾਇਆ।



**ਸਕੂਲ ਦਾਖ਼ਲਿਆਂ ਬਾਰੇ ਜਾਗਰੂਕਤਾ ਫੈਲਾਉਂਦੇ ਹੋਏ ਐਸ.ਐਮ.ਸੀ. ਮੈਂਬਰ**

ਇਹ ਸਾਂਝੀ ਕੋਸ਼ਿਸ਼ ਸਾਡੇ ਲੋਕਾਂ ਦੀ ਬੇਸ਼ਕੀਮਤੀ ਭਾਗੀਦਾਰੀ ਨੂੰ ਪ੍ਰਗਟਾਉਂਦੀ ਹੈ ਜੋ ਕਿ ਸਕੂਲ ਆਫ਼ ਐਮੀਨੈਂਸ ਪ੍ਰੋਗਰਾਮ ਦੀ ਸਫਲਤਾ ਅਤੇ ਵਿਕਾਸ ਨੂੰ ਯਕੀਨੀ ਬਣਾਉਣ ਵਿੱਚ ਸਹਾਇਕ ਹੈ ਤਾਂ ਜੋ ਵੱਧ ਤੋਂ ਵੱਧ ਬੱਚਿਆਂ ਨੂੰ ਇਸਦਾ ਲਾਭ ਮਿਲ਼ੇ। ਵਰਤਮਾਨ ਵਿੱਚ ਸਕੂਲ ਮੈਨੇਜਮੈਂਟ ਕਮੇਟੀਆਂ (SMCs) ਪੰਜਾਬ ਦੇ ਸਾਰੇ 19119 ਸਕੂਲਾਂ ਵਿੱਚ ਕਾਰਜਸ਼ਾਲੀ ਹਨ ਅਤੇ ਸਕਾਰਾਤਮਕ ਬਦਲਾਅ ਲਿਆਉਣ ਲਈ ਅਹਿਮ ਭੂਮਿਕਾ ਨਿਭਾ ਰਹੀਆਂ ਹਨ ।



**ਸਕੂਲ ਆਫ਼ ਐਮੀਨੈਂਸ 'ਵਿਦਿਆਰਥੀ ਦਾਖਲਾ ਮੁਹਿੰਮ' ਵਿੱਚ ਹਿੱਸਾ ਲੈਂਦੇ ਹੋਏ ਐਸ.ਐਮ.ਸੀ. ਮੈਂਬਰ**

## ਵਿਦਿਆਰਥੀ ਇੰਡਕਸ਼ਨ

### ਸਕੂਲ ਆਫ਼ ਐਮੀਨੈਂਸ (SOE) ਸਕੂਲਾਂ 'ਚ ਨਵੇਂ ਅਕਾਦਮਿਕ ਸੈਸ਼ਨ ਦੀ ਉਤਸ਼ਾਹਜਨਕ ਸ਼ੁਰੂਆਤ

ਜੁਲਾਈ 22, 2024 ਨੂੰ ਪੰਜਾਬ ਭਰ ਵਿੱਚ ਸਕੂਲ ਆਫ਼ ਐਮੀਨੈਂਸ ਸਕੂਲਾਂ ਨੇ ਦਾਖਲਾ ਹੋਣ ਤੋਂ ਬਾਅਦ ਇੱਕ ਮਹੀਨੇ ਦਾ ਵਿਦਿਆਰਥੀ ਆਗਾਜ਼ ਪ੍ਰੋਗਰਾਮ ਆਰੰਭ ਕੀਤਾ, ਜਿਸ ਨਾਲ ਅਮੀਨੈਂਸ ਸਕੂਲਾਂ ਵਿਚ ਇੱਕ ਉਤਸ਼ਾਹਜਨਕ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਹੋਈ। ਇਸ ਵਿਦਿਆਰਥੀ ਆਗਾਜ਼ ਪ੍ਰੋਗਰਾਮ ਦੌਰਾਨ, ਸਕੂਲਾਂ ਵਿੱਚ ਕੈਰੀਅਰ ਜਾਗਰੂਕਤਾ ਵਧਾਉਣ ਲਈ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਦੁਆਰਾ ਲੈਕਚਰ ਦਿੱਤੇ ਗਏ। ਡਾ. ਸੌਰਵ ਸ਼ਰਮਾ, ਜੋ ਕਿ ਮਾਤਾ ਗੁਜਰੀ ਕਾਲਜ ਵਿੱਚ ਇੱਕ ਸਹਾਇਕ ਪ੍ਰੋਫੈਸਰ ਹਨ, ਨੇ ਸਕੂਲ ਆਫ਼ ਐਮੀਨੈਂਸ ਮਾਡਲ ਟਾਊਨ ਜਲੰਧਰ ਵਿੱਚ ਮੈਡੀਕਲ ਕਰੀਅਰ ਅਪਣਾਉਣ ਦੀ ਪ੍ਰਿਖਯਾ ਬਾਰੇ ਗੱਲ ਕੀਤੀ, ਜਿਸ ਨਾਲ ਡਾਕਟਰ ਬਣਨ ਦੀ ਇੱਛਾ ਰੱਖਣ ਵਾਲੇ ਵਿਦਿਆਰਥੀਆਂ ਨੂੰ ਸੇਧ ਮਿਲੀ। ਇਕ ਸੰਪੂਰਨ ਪਹੁੰਚ ਅਪਣਾਉਂਦੇ ਹੋਏ ਅਕਾਦਮਿਕ ਗਤਿਵਿਧੀਆਂ ਦੇ ਨਾਲ-ਨਾਲ ਸਹਿ ਅਤੇ ਵਾਧੂ ਅਕਾਦਮਿਕ ਗਤੀਵਿਧੀਆਂ ਵਿੱਚ ਮਾਪਿਆਂ ਨਾਲ ਮਿਲ ਕੇ ਵਿਦਿਆਰਥੀ ਕੈਰੀਅਰ ਭਾਲ, ਅਖਬਾਰ ਵਿਸ਼ਲੇਸ਼ਣ ਆਦਿ ਵੀ ਸ਼ਾਮਲ ਕੀਤੀਆਂ ਗਈਆਂ।



**ਡਾਕਟਰ ਸਿਮਰਨਜੀਤ ਕੌਰ (ਐਫ.ਐਮ.ਓ. ਸਕੂਲ ਹੈਲਥ) ਦੁਆਰਾ ਸਿਹਤ ਅਤੇ ਡਾਕਟਰ ਬਣਨ ਦੇ ਮਾਰਗ ਬਾਰੇ ਜਾਗਰੂਕਤਾ ਬਾਰੇ ਗੈਸਟ ਲੈਕਚਰ**





**ਮੈਡੀਟੇਸ਼ਨ, ਕਰੀਅਰ ਹੰਟ ਆਦਿ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਲ ਵਿਦਿਆਰਥੀ**


ਹਰ ਦੂਜੇ ਦਿਨ ਮੈਡੀਟੇਸ਼ਨ ਸੈਸ਼ਨ ਕਰਵਾਏ ਗਏ ਤਾਂ ਜੋ ਮਾਨਸਿਕ ਸ਼ਾਂਤੀ ਨੂੰ ਬਰਕਰਾਰ ਰੱਖਿਆ ਜਾ ਸਕੇ। ਵਿਦਿਆਰਥੀ ਆਗਾਜ਼ ਪ੍ਰੋਗਰਾਮ ਦਾ ਸਮਾਪਨ ਇੱਕ ਵਿਦਿਆਰਥੀ ਪ੍ਰਦਰਸ਼ਨੀ ਅਤੇ ਆਖਰੀ ਦਿਨ ਮਾਪਿਆਂ ਨਾਲ ਇੱਕ ਇੰਟਰੈਕਟਿਵ ਸੈਸ਼ਨ ਦੇ ਨਾਲ ਹੋਇਆ, ਜਿਸ ਨੇ ਵਿਦਿਆਰਥੀਆਂ ਨੂੰ ਆਪਣੀਆਂ ਪ੍ਰਤਿਭਾਵਾਂ ਨੂੰ ਪ੍ਰਦਰਸ਼ਿਤ ਕਰਨ ਅਤੇ ਮਾਪਿਆਂ ਨੂੰ ਸਕੂਲ ਨਾਲ ਜੁੜਨ ਦਾ ਮੌਕਾ ਦਿੱਤਾ।

## ਅਧਿਆਪਕ ਸਪੌਟਲਾਈਟ

### ਪੰਜਾਬ ਸਰਕਾਰ ਦੇ ਅਧਿਆਪਕ ਸ਼੍ਰੀ ਗੁਰਲਾਲ ਸਿੰਘ, ਇੱਕ ਪ੍ਰੇਰਨਾਦਾਇਕ ਯੂਟਿਊਬਰ, ਅਤੇ ਵਿਦਿਆਰਥੀਆਂ ਲਈ ਇੱਕ ਸਾਥੀ

ਮਿਲੋ ਸ੍ਰੀ ਗੁਰਲਾਲ ਸਿੰਘ ਨਾਲ, ਜੋ ਕਿ ਪਹਿਲਾਂ ਅਬੁਲ ਖੁਰਾਨਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਕੁੜੀਆਂ ਲਈ ਸਕੂਲ ਆਫ਼ ਐਮੀਨੈਂਸ ਵਿੱਚ ਇੱਕ ਮਾਹਰ ਫਿਜ਼ਿਕਸ ਲੈਕਚਰਾਰ ਸਨ। ਕਲਾਸ ਰੂਮ ਵਿੱਚ ਆਪਣੀ ਭੂਮਿਕਾ ਤੋਂ ਇਲਾਵਾ, ਸ੍ਰੀ ਗੁਰਲਾਲ ਇੱਕ ਹੋਣਹਾਰ ਕਲਾਕਾਰ ਅਤੇ ਯੂਟਿਊਬਰ ਵੀ ਹਨ, ਜਿਨ੍ਹਾਂ ਨੇ ਆਪਣੀ ਸਿੱਖਿਆ ਨੂੰ ਰਵਾਇਤੀ ਤਰੀਕਿਆਂ ਤੋਂ ਅੱਗੇ ਵਧਾਇਆ।ਸ੍ਰੀ ਗੁਰਲਾਲ ਸਿੰਘ ਦੇ ਚੈਨਲ 'ਤੇ ਸਕੂਲ ਆਫ਼ ਐਮੀਨੈਂਸ ਦੀਆਂ ਖਾਸ ਵਿਸ਼ੇਸ਼ਤਾਵਾਂ, ਰਜਿਸਟ੍ਰੇਸ਼ਨ ਪ੍ਰਕਿਰਿਆ ਵਿੱਚ ਮਦਦ ਅਤੇ ਦਾਖਲਾ ਪ੍ਰੀਖਿਆ ਤਿਆਰੀਆਂ ਬਾਰੇ ਜਾਣਕਾਰੀ ਭਰਪੂਰ ਵੀਡੀਓਜ਼ ਸ਼ਾਮਲ ਹਨ।

ਉਹਨਾਂ ਦੀ ਯੂਟਿਊਬ ਵੀਡੀਓ, ਜੋ ਕਿ ਸਕੂਲ ਆਫ਼ ਐਮੀਨੈਂਸ ਰਜਿਸਟ੍ਰੇਸ਼ਨ 'ਤੇ ਆਧਾਰਿਤ ਸੀ, ਨੇ ਕਰੀਬ 35,000 ਵਿਊਜ਼ ਪ੍ਰਾਪਤ ਕੀਤੇ, ਇਸ ਨੇ ਵਿਦਿਆਰਥੀਆਂ ਲਈ ਕਦਮ-ਦਰ-ਕਦਮ ਨਿਰਦੇਸ਼ਾਂ ਨਾਲ ਇੱਕ ਕੀਮਤੀ ਸਰੋਤ ਦਾ ਕੰਮ ਕੀਤਾ। ਸ੍ਰੀ ਗੁਰਲਾਲ ਸਿੰਘ ਦੀ ਨਵੀਨਤਾਪੂਰਨ ਸਿੱਖਿਆ ਅਤੇ ਵਿਦਿਆਰਥੀ ਸਫਲਤਾ ਵੱਲ ਪ੍ਰਤੀਬੱਧਤਾ ਉਸ ਸ਼ਾਨਦਾਰ ਭਾਵਨਾ ਨੂੰ ਦਰਸਾਉਂਦੀ ਹੈ ਜਿਸ ਨੇ ਉਹਨਾਂ ਵੱਲੋਂ ਸਕੂਲ ਆਫ਼ ਐਮੀਨੈਂਸ ਵਿੱਚ ਕੀਤੀ ਸੇਵਾ ਨੂੰ ਪਰਿਭਾਸ਼ਿਤ ਕੀਤਾ।




**ਸ੍ਰ ਗੁਰਲਾਲ ਸਿੰਘ ਅਤੇ ਉਹਨਾਂ ਦਾ ਯੂਟਿਊਬ ਚੈਨਲ**

ਸੂਚਨਾ : ਇਸ ਪੱਤ੍ਰਿਕਾ ਵਿੱਚ ਵੇਰਵੇ ਅਤੇ ਫੋਟੋਆਂ, ਜਾਣਕਾਰੀ ਦੇ ਉਦੇਸ਼ਾਂ ਲਈ ਹਨ। ਅਸੀਂ ਵਰਤੋਂ ਤੋਂ ਪਹਿਲਾਂ ਇਸਦੀ ਪੁਸ਼ਟੀ ਕਰਨ ਦੀ ਹਿਦਾਇਤ ਕਰਦੇ ਹਾਂ।

## ਪਰਿਆਵਰਣ ਸੰਭਾਲ

### ਪੰਜਾਬ ਵਿੱਚ 10 ਲੱਖ ਰੁੱਖ ਲਗਾਉਣ ਦੀ ਮੁਹਿੰਮ ਕਲਾਸਰੂਮ ਤੋਂ ਇਲਾਵਾ ਵਿਗਿਆਨ

ਜਿੱਥੇ ਪੰਜਾਬ ਵਿੱਚ ਸਿਰਫ਼ 6% ਜ਼ਮੀਨ ਦਾ ਰਕਬਾ ਹੀ ਜੰਗਲਾਂ ਅਧੀਨ ਆਉਂਦਾ ਹੈ, ਉਥੇਹਰੇ-ਭਰੇ ਵਾਤਾਵਰਣ ਦੀ ਸੰਭਾਲ ਦੀਆਂ ਚਿੰਤਾਵਾਂ ਨੂੰ ਦੇਖਦਿਆਂ, ਸਿੱਖਿਆ ਵਿਭਾਗ ਨੇ ਵਣ ਵਿਭਾਗ ਨਾਲ ਮਿਲ ਕੇ ਇੱਕ ਪਰਿਵਰਤਨਸ਼ੀਲ ਮੁਹਿੰਮ ਦੀ ਸ਼ੁਰੂਆਤ ਕੀਤੀ। ਸਕੂਲ ਸਿੱਖਿਆ ਵਿਭਾਗ (DOSE) ਦੁਆਰਾ ਇਕੱਠੇ ਕੀਤੇ ਗਏ ਅੰਕੜਿਆਂ ਅਨੁਸਾਰ ਇਸ ਸਹਿਯੋਗ ਦੇ ਜ਼ਰੀਏ 10 ਲੱਖ ਤੋਂ ਵੱਧ ਰੁੱਖ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਲਗਾਏ ਜਾ ਚੁੱਕੇ ਹਨ। ਇਸ ਨਾਲ ਪੰਜਾਬ ਦੇ ਵਾਤਾਵਰਣ ਨੂੰ ਸਾਫ-ਸੁਥਰਾ ਬਣਾਉਣ ਅਤੇ ਇਸ ਵਿੱਚ ਆਏ ਵਿਗਾੜਾਂ ਨੂੰ ਸੁਧਾਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਗਿਆ ਹੈ।


ਸਟਾਫ, ਐਸ.ਐਮ.ਸੀ. ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਐਸ.ਓ.ਈ. ਸਮਾਣਾ ਵਿੱਚ ਰੁੱਖ ਲਗਾਏ ਜਾ ਰਹੇ ਹਨ

ਕੇਵਲ ਰੁੱਖ ਲਗਾਉਣ ਤੋਂ ਇਲਾਵਾ, ਇਹ ਮੁਹਿੰਮ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਇੱਕ ਨਵੀਂ ਰਚਨਾਤਮਕ ਮੁਹਿੰਮ ਵਿੱਚ ਵੀ ਸ਼ਾਮਲ ਕਰਦੀ ਹੈ ਜਿਸ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਪੌਦਿਆਂ ਨੂੰ ਗੋਦ ਲਿਆ ਹੈ ਅਤੇ ਉਨ੍ਹਾਂ ਦੇ ਨਾਂ ਰੱਖੇ ਹਨ ਜਿਸ ਨਾਲ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਅਤੇ ਸੰਜੀਦਗੀ ਦੀ ਭਾਵਨਾ ਪੈਦਾ ਹੁੰਦੀ ਹੈ।

ਸਕੂਲ ਮੁਖੀਆਂ ਨੂੰ ਵੀ ਵਣ ਅਧਿਕਾਰੀਆਂ ਦੁਆਰਾ ਜੰਗਲਾਤ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ ਤਾਂ ਜੋ ਇਸ ਕਾਰਜ ਪ੍ਰਤੀ ਜ਼ਿੰਮੇਵਾਰੀ ਅਤੇ ਵਚਨਬੱਧਤਾ ਨੂੰ ਯਕੀਨੀ ਬਣਾਇਆ ਜਾ ਸਕੇ। ਇਹ ਮੁਹਿੰਮ ਨਾ ਸਿਰਫ਼ ਪੰਜਾਬ ਦੀ ਹਰਿਆਲੀ ਪ੍ਰਤੀ ਜ਼ਿੰਮੇਵਾਰੀ ਵਾਲੇ ਪੱਖ ਨੂੰ ਵਧਾਉਂਦੀ ਹੈ ਸਗੋਂ ਨਵੀਂ ਪੀੜ੍ਹੀ ਵਿੱਚ ਵਾਤਾਵਰਣ ਸੰਭਾਲ ਦੀ ਭਾਵਨਾ ਵੀ ਪੈਦਾ ਕਰਦੀ ਹੈ ਜੋ ਵਾਤਾਵਰਣਿਕ ਪ੍ਰਣਾਲੀ ਅਤੇ ਆਲੇ-ਦੁਆਲੇ ਵਿੱਚ ਲੰਮੇ ਸਮੇਂ ਤੱਕ ਪ੍ਰਭਾਵ ਪਾਉਂਦੀ ਹੈ।

## ਖੇਡਾਂ ਅਤੇ ਸਹ-ਪਾਠਕ੍ਰਮਿਕ ਗਤੀਵਿਧੀਆਂ

### ਨਵੀਆਂ ਬੁਲੰਦੀਆਂ ਵੱਲ ਉਡਾਰੀ: ਸਕੂਲ ਆਫ ਐਮੀਨੈਂਸ ਸ੍ਰੀ ਹਰਗੋਬਿੰਦਪੁਰ ਦੀ ਪਰਬਤਾਰੋਹੀ ਵਿੱਚ ਚੜ੍ਹਾਈ ਲਈ ਚੋਣ

ਸਕੂਲ ਆਫ਼ ਐਮੀਨੈਂਸ ਸ੍ਰੀ ਹਰਗੋਬਿੰਦਪੁਰ ਆਪਣੇ 12ਵੀਂ ਜਮਾਤ ਦੇ ਚਾਰ ਵਿਦਿਆਰਥੀਆਂ: ਅਨਮੋਲ, ਰੋਹਿਤ ਸਿੰਘ, ਅਭਿਸ਼ੇਕ, ਅਤੇ ਸ਼ਮਸ਼ੇਰ ਸਿੰਘ ਦੀ ਉਪਲਬਧੀ ਤੇ ਮਾਣ ਕਰਦਾ ਹੈ। ਸਰਕਾਰ ਦੇ ਯੂਥ ਸਰਵਿਸਿਜ਼ ਡਿਪਾਰਟਮੈਂਟ ਦੁਆਰਾ ਚੁਣੇ ਗਏ, ਇਹ ਪ੍ਰਤਿਭਾਸ਼ਾਲੀ ਵਿਦਿਆਰਥੀ ਮਨਾਲੀ ਵਿੱਚ ਅਟਲ ਬਿਹਾਰੀ ਵਾਜਪਾਈ ਇੰਸਟੀਟਿਊਟ ਆਫ਼ ਮਾਊਂਟੇਨੀਅਰਿੰਗ ਐਂਡ ਅਲਾਈਡ ਸਪੋਰਟਸ (ABVIMAS) ਸੈਂਟਰ ਵਿੱਚ ਇੱਕ ਕਠਿਨ ਪਰਬਤਾਰੋਹੀ ਕੋਰਸ ਵਿੱਚ ਭਾਗ ਲੈਣ ਲਈ ਚੁਣੇ ਗਏ ਹਨ।


ਤਸਵੀਰ ਵਿੱਚ: ਅਭਿਸ਼ੇਕ ਮਸੀਹ, ਰੋਹਿਤ ਸਿੰਘ, ਅਨਮੋਲਦੀਪ ਸਿੰਘ ਅਤੇ ਸ਼ਮਸ਼ੇਰ ਸਿੰਘ (ਖੱਬੇ ਤੋਂ ਸੱਜੇ) ਐਸ.ਓ.ਈ. ਸ੍ਰੀ ਹਰਗੋਬਿੰਦਪੁਰ ਦੇ ਵਿਦਿਆਰਥੀ, ਜੋ ਪੰਜਾਬ ਸਰਕਾਰ ਪ੍ਰਾਯੋਜਿਤ ਪਰਬਤਾਰੋਹੀ ਦੇ ਕੋਰਸ ਲਈ ਗਏ ਹਨ

ਪੰਜਾਬ ਸਰਕਾਰ ਨੇ ਇਸ ਕੈਂਪ ਲਈ ਸਾਰੇ ਖਰਚੇ ਪ੍ਰਾਯੋਜਿਤ ਕੀਤੇ ਹਨ, ਜਿਸ ਨਾਲ ਉਨ੍ਹਾਂ ਦੀ ਪ੍ਰਤਿਭਾ ਨੂੰ ਹੌਂਸਲਾ ਦੇਣ ਅਤੇ ਨੌਜਵਾਨਾਂ ਵਿੱਚ ਐਡਵੈਂਚਰ ਖੇਡਾਂ ਨੂੰ ਉਤਸ਼ਾਹ ਦੇਣ ਦੀ ਵਚਨਬੱਧਤਾ ਝਲਕਦੀ ਹੈ। ਕੋਰਸ ਪੂਰਾ ਹੋਣ 'ਤੇ, ਵਿਦਿਆਰਥੀਆਂ ਨੂੰ ਪਰਬਤਾਰੋਹੀ ਵਿੱਚ ਉਨ੍ਹਾਂ ਦੀ ਸਮਰਪਣ ਅਤੇ ਉਪਲਬਧੀ ਨੂੰ ਸ਼ਲਾਘਾ ਦੇਣ ਵਾਲੇ ਸਰਟੀਫਿਕੇਟ ਮਿਲਣਗੇ। ਇਹ ਭਾਗੀਦਾਰੀ ਸਕੂਲ ਆਫ਼ ਐਮਿਨੈਨਸ ਵਿੱਚ ਪਾਲੇ ਗਏ ਰੋਮਾਂਚ ਅਤੇ ਸਰਵੋਤਮਤਾ ਦੀ ਭਾਵਨਾ ਦੀ ਮਿਸਾਲ ਹੈ, ਜੋ ਹੋਰਾਂ ਨੂੰ ਵੀ ਅਕਾਦਮਿਕ ਅਤੇ ਵਾਧੂ-ਅਕਾਦਮਿਕ ਮਾਮਲਿਆਂ ਵਿੱਚ ਨਵੀਆਂ ਉਚਾਈਆਂ ਨੂੰ ਛੂਹਣ ਲਈ ਪ੍ਰੇਰਿਤ ਕਰਦੀ ਹੈ।

## ਸਿੱਖਿਆ ਉਤਸਵ

### ਸਿੱਖਿਆ ਹਫਤਾ: ਪੰਜਾਬ ਵਿੱਚ ਸਿੱਖਿਆਤਮਕ ਪਹਿਲਕਦਮੀਆਂ ਦਾ ਜਸ਼ਨ

ਪੰਜਾਬ ਦੇ ਸਕੂਲਾਂ ਨੇ ਸਿੱਖਿਆ ਹਫਤਾ ਸਫਲਤਾਪੂਰਵਕ ਮਨਾਇਆ, ਜੋ ਕਿ 22 ਤੋਂ 28 ਜੁਲਾਈ, 2024 ਤੱਕ ਚਲਦਾ ਰਿਹਾ ਅਤੇ ਇਸ ਦੌਰਾਨ ਰਾਸ਼ਟਰੀ ਸਿੱਖਿਆ ਨੀਤੀ (NEP) 2020 ਦੀ ਸੁਜਾਵਾਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ । ਇਹ ਸਮਾਗਮ ਵੱਖ-ਵੱਖ ਥੀਮਾਂ ਵਾਲੇ ਦਿਨਾਂ ਰਾਹੀਂ ਸਿੱਖਿਆ ਦੇ ਵੱਖ-ਵੱਖ ਪਹਿਲੂਆਂ ਨੂੰ ਉਜਾਗਰ ਕਰਦੇ ਹਨ। ਸਥਾਨਕਸਮੁਦਾਇਕ ਮੈਂਬਰਾਂ ਨੇ 'ਸਫਾਈ ਮੁਹਿੰਮ-ਕਲੀਨੀਨੇਸ ਡਰਾਈਵ,' ਸਕੂਲ ਦੇ ਮੈਦਾਨਾਂ ਜਾਂ ਨੇੜਲੇ ਪਾਰਕਾਂ ਵਿੱਚ ਪੰਜਾਬ ਦੇ ਦੇਸੀ ਰੁੱਖ ਲਗਾਉਣ, ਅਤੇ ਮਾਪਿਆਂ ਅਤੇ ਅਧਿਆਪਕਾਂ ਵਿਚਾਲੇ ਸਿੱਖਿਆ ਸਪਤਾਹ ਤੋਂ ਬਾਅਦ ਦੀਆਂ ਪਹਿਲਕਦਮੀਆਂ ਬਾਰੇ ਚਰਚਾ, ਜਿਵੇਂ ਕਿ ਭਾਈਚਾਰੇ ਵਲੋਂ ਮੁੱਦਿਆਂ ਦੇ ਹੱਲ ਵਿੱਚ ਸਹਿਯੋਗ ਦੇਣਾ ਆਦਿ ਵਰਗੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲਿਆ ।

ਇਸ ਸਮਾਰੋਹ ਨੇ ਵਿਦਿਆਰਥੀਆਂ, ਅਧਿਆਪਕਾਂ, ਅਤੇ ਭਾਈਚਾਰੇ ਨੂੰ ਜੋੜਿਆ, ਸਿੱਖਿਆ ਵਿੱਚ ਸਹਿਯੋਗ ਅਤੇ ਨਵਾਚਾਰ ਦੀ ਭਾਵਨਾ ਨੂੰ ਮਜ਼ਬੂਤ ਕੀਤਾ। ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਅਤੇ ਮੁਕਾਬਲਿਆਂ ਵਿੱਚ ਭਾਗ ਲਿਆ।



ਪ੍ਰਾਇਮਰੀ ਸਕੂਲ ਦੇ ਵਿਦਿਆਰਥੀ ਵੱਖ-ਵੱਖ ਸਰੋਤਾਂ ਰਾਹੀਂ ਸਿੱਖਦੇ ਹੋਏ


ਪ੍ਰਾਇਮਰੀ ਸਕੂਲ ਦੇ ਵਿਦਿਆਰਥੀ ਬੁਨਿਆਦੀ ਪੜ੍ਹਨ ਅਤੇ ਗਣਿਤ ਦੇ ਹੁਨਰਾਂ 'ਤੇ ਧਿਆਨ ਕੇਂਦਰਤ ਕਰਦੇ ਹੋਏ

### ਆਉਣ ਵਾਲੀਆਂ ਸਰਗਰਮੀਆਂ

- ਸਕੂਲ ਆਫ਼ ਐਮੀਨੈਂਸ ਐਕਸਪੋਜ਼ਰ ਵਿਜ਼ਿਟ: ਸਕੂਲ ਆਫ਼ ਐਮੀਨੈਂਸ ਵਿਦਿਆਰਥੀਆਂ ਲਈ ਕਰੀਅਰ ਦੀ ਪ੍ਰੈਕਟਿਕਲ ਪੜਚੋਲ
- ਨੋ ਯੋਰ ਡਰੀਮਜ਼ (Know Your Dreams) ਪ੍ਰੋਗਰਾਮ: ਪ੍ਰੇਰਣਾਤਮਕ ਮਾਰਗਦਰਸ਼ਨ ਰਾਹੀਂ ਸਕੂਲ ਆਫ਼ ਐਮੀਨੈਂਸ ਵਿਦਿਆਰਥੀਆਂ ਨੂੰ ਸਸ਼ਕਤ ਬਣਾਉਣਾ।
- ਸੁਪਰ "X" ਪ੍ਰੋਗਰਾਮ: JEE/NEET ਦੇ ਉਮੀਦਵਾਰਾਂ ਲਈ ਤੀਬਰ ਆਨਲਾਈਨ ਕੋਚਿੰਗ
- ਨਵਾਂ ਆਗਾਜ਼: ਪੰਜਾਬ ਵਿੱਚ ਸਿੱਖਿਆ ਨੂੰ ਬਦਲਣ ਲਈ ਤਿਆਰ 13 ਹੋਰ ਸਕੂਲ ਆਫ਼ ਐਮੀਨੈਂਸ

ਹੋਰ ਵੇਰਵੇ ਜਲਦੀ...!

## ਮਾਪਿਆਂ ਦਾ ਕੋਨਾ

### ਮਾਪਿਆਂ ਲਈ ਸੁਝਾਅ: ਵਿਦਿਆਰਥੀਆਂ ਦੀ ਭਲਾਈ ਲਈ ਸਹਾਇਤਾ ਕਰਨਾ

ਘਰ 'ਤੇ ਸਹਾਇਕ ਮਾਹੌਲ ਬਣਾਉਣਾ ਤੁਹਾਡੇ ਬੱਚੇ ਦੀ ਸਫਲਤਾ ਅਤੇ ਭਲਾਈ ਲਈ ਮਹੱਤਵਪੂਰਨ ਹੈ। ਮਾਪਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਬੱਚਿਆਂ ਨਾਲ ਹੇਠ ਲਿਖੇ ਨੁਕਤਿਆਂ ਦੀ ਮਦਦ ਨਾਲ ਸੰਵਾਦ ਕਰਨ:

**ਦਿਮਾਗ਼ ਦੀ ਗੱਲ:**

- ਤੁਹਾਨੂੰ ਅੱਜ ਸਕੂਲ ਤੋਂ ਕੀ ਕੰਮ ਮਿਲਿਆ?
- ਕੀ ਤੁਸੀਂ ਆਪਣਾ ਹੋਮਵਰਕ ਪੂਰਾ ਕਰ ਲਿਆ ਹੈ?
- ਅੱਜ ਤੁਸੀਂ ਕੀ ਨਵੀਂ ਚੀਜ਼ ਸਿੱਖੀ?
- ਤੁਹਾਨੂੰ ਕੀ ਸੌਖਾ ਲੱਗਿਆ ਅਤੇ ਕਿਹੜੇ ਕੰਮ ਵਿਚ ਮੁਸ਼ਕਲ ਹੋਈ?
- ਕੀ ਤੁਹਾਨੂੰ ਮੇਰੇ ਜਾਂ ਆਪਣੇ ਅਧਿਆਪਕ ਤੋਂ ਕੋਈ ਸਹਾਇਤਾ ਚਾਹੀਦੀ ਹੈ?

**ਦਿਲ ਦੀ ਗੱਲ:**

- ਅੱਜ ਤੁਸੀਂ ਕਿਵੇਂ ਮਹਿਸੂਸ ਕਰ ਰਹੇ ਹੋ?
- ਅੱਜ ਤੁਹਾਡੇ ਮੁੱਖ 'ਤੇ ਕਿਹੜੀ ਚੀਜ਼ ਮੁਸਕਾਨ ਲੈਕੇ ਆਈ?
- ਕੀ ਤੁਸੀਂ ਆਪਣੇ ਭਰਾ-ਭੈਣ ਜਾਂ ਦੋਸਤਾਂ ਨਾਲ ਕੁਝ ਸਮਾਂ ਬਿਤਾਉਣਾ ਚਾਹੁੰਦੇ ਹੋ?
- ਬਾਹਰ ਜਾ ਕੇ ਸੈਰ ਕਰੋ। ਇਹ ਗੱਲਾਂ ਕਰਨ ਅਤੇ ਰਿਲੈਕਸ ਕਰਨ ਦਾ ਚੰਗਾ ਤਰੀਕਾ ਹੈ।



ਸੂਚਨਾ : ਇਸ ਪੱਤ੍ਰਿਕਾ ਵਿੱਚ ਵੇਰਵੇ ਅਤੇ ਫੋਟੋਆਂ, ਜਾਣਕਾਰੀ ਦੇ ਉਦੇਸ਼ਾਂ ਲਈ ਹਨ। ਅਸੀਂ ਵਰਤੋਂ ਤੋਂ ਪਹਿਲਾਂ ਇਸਦੀ ਪੁਸ਼ਟੀ ਕਰਨ ਦੀ ਹਿਦਾਇਤ ਕਰਦੇ ਹਾਂ।